# ਮਾਪੇ ਵੀ ਗਿਣਦੇ ਹਨ

## ਲੰਬਾਈ ਅਤੇ ਕਿਸੇ ਖੇਤਰ ਨੂੰ ਨਾਪਣ ਵਿਚ ਆਪਣੇ ਬੱਚੇ ਦੀ ਮਦਦ ਕਰਦਿਆਂ।

ਬੱਚੇ ਖੇਡਦਿਆਂ ਹੋਇਆਂ ਵੀ ਸਿੱਖਦੇ ਹਨ।  ਉਹ ;ਬਲਾੱਕ ਸੈਟ ਕਰ ਕੇ ਰੱਖਣ, ਰਿਬਨ, ਮਾੱਡਲਿੰਗ ਕਲੇਅ ਅਤੇ ਖਿਡੌਣਾ-ਘਰਾਂ ਦਾ ਨਿਰਮਾਣ ਕਰਨ ਵਾਲੇ ਢਾਹ-ਢਾਹ ਕੇ ਮੁੜ ਬਣਾਉਣ ਵਾਲੇ (ਟ੍ਰਾਇਲ ਐਂਡ ਐਰਰ) ਖਿਡੌਣਿਆਂ ਦੀ ਮਦਦ ਨਾਲ ਛੇਤੀ ਸਿੱਖ ਸਕਦੇ ਹਨ।

ਜਿਵੇਂ ਹੀ ਬੱਚੇ ਖੇਡਦੇ ਹਨ, ਉਹ ਵਸਤਾਂ/ਚੀਜ਼ਾਂ ਦੇ ਆਕਾਰ/ਸ਼ਕਲ ਨੂੰ ਪੂਰੀ ਤਰ੍ਹਾਂ ਨੋਟ ਕਰਦੇ ਹਨ; ਚੀਜ਼ਾਂ ਇੱਕ ਦੂਜੇ ਵਿਚ ਕਿਵੇਂ ਫਿੱਟ ਹੰਦੀਆਂ ਹਨ, ਉਨ੍ਹਾਂ ਨੂੰ ਇੱਕ ਦੂਜੇ ਦੇ ਉਪਰ ਕਿਵੇਂ ਰੱਖਿਆ ਜਾ ਸਕਦਾ ਹੈ ਅਤੇ ਉਹ ਇਹ ਵੀ ਨੋਟ ਕਰਦੇ ਹਨ ਕਿ ਵਸਤਾਂ ਦੀ ਕਿੰਨੀ ਲੰਬਾਈ ਅਤੇ ਚੌੜਾਈ ਹੈ। ਬੱਚਿਆਂ ਨੂੰ ਚੀਜ਼ਾਂ ਦੀ ਖੋਜ ਕਰਨ ਅਤੇ ਉਨ੍ਹਾਂ ਨੂੰ ਠੀਕ ਢੰਗ ਨਾਲ ਲਾਉਣ ਲਈ ਉਤਸ਼ਾਹਿਤ ਕਰੋ ।

## ਬੱਚੇ ਲੰਬਾਈ ਅਤੇ ਖੇਤਰ ਨੂੰ ਨਾਪਣਾ ਕਿਵੇਂ ਸਿੱਖਦੇ ਹਨ ?

ਪਹਿਲਾਂ-ਪਹਿਲ ਬੱਚੇ ਵਸਤਾਂ ਦੀ ਤੁਲਨਾ ਕਰਕੇ ਨਾਪ-ਤੋਲ ਦੀ ਸਮਝ ਨੂੰ ਵਿਕਸਿਤ ਕਰਦੇ ਹਨ।  ਉਹ ਦੋ ਬਲਾੱਕ ਫੜ ਕੇ ਕਹਿ ਸਕਦੇ ਹਨ ਕਿ ਇਕ ਬਲਾੱਕ ਦੂਜੇ ਬਲਾੱਕ ਨਾਲੋਂ ਵੱਡਾ ਜਾਂ ਛੋਟਾ ਹੈ।  ਉਸ ਦੇ ਛੇਤੀ ਮਗਰੋਂ ਉਹ ਦੋ ਤੋਂ ਵੱਧ ਵਸਤਾਂ ਦੀ ਤੁਲਨਾ ਕਰਨੀ ਸ਼ੁਰੂ ਕਰ ਦਿੰਦੇ ਹਨ।

ਇਸ ਤੋਂ ਪਹਿਲਾਂ ਕਿ ਬੱਚੇ ਸੈਂਟੀਮੀਟਰ ਜਾਂ ਮੀਟਰ ਦੀਆਂ *ਰਸਮੀ* ਇਕਾਈਆਂ ਦੀ ਵਰਤੋਂ ਕਰਨੀ ਸਿੱਖਣ, ਉਨ੍ਹਾਂ ਨੂੰ ਖੇਡ-ਖੇਡ ਵਿਚ ਅਨੇਕਾਂ ਵਸਤਾਂ ਨੂੰ ਨਾਪਣ ਦੇ ਤਜਰਬੇ ਵਿਚੋਂ ਲੰਘਣਾ ਪੈਂਦਾ ਹੈ।  ਇਸ ਤੋਂ ਪਹਿਲਾਂ ਕਿ ਉਹ ਪੈਮਾਨੇ ਨਾਲ ਮੇਜ਼ ਦੀ ਲੰਬਾਈ ਅਤੇ ਚੌੜਾਈ ਨਾਪਣੀ ਸ਼ੁਰੂ ਕਰਨ ;ਉਨ੍ਹਾਂ ਨੂੰ ਇਹ ਨਾਪ ਖੂੰਟੀਆਂ, ਚਮਚਿਆਂ ਜਾਂ ਕਿਤਾਬਾਂ ਜਾਂ ਗਿੱਠਾਂ ਨਾਲ ਲੈਣ ਲਈ ਕਹਿਣਾ ਚਾਹੀਦਾ ਹੈ।



# ਮਾਪੇ ਵੀ ਗਿਣਦੇ ਹਨ

## ਤੁਸੀਂ ਘਰ ਵਿਚ ਕੀ ਕਰ ਸਕਦੇ ਹੋ ?

- ਵੱਖੋ-ਵੱਖਰੀ ਲੰਬਾਈ ਦੇ ਦੋ 'ਸੱਪ' ਬਣਾਉਣ ਲਈ ਪਲੇ ਡੋ ਦੀ ਵਰਤੋਂ ਕਰੋ। ਇਸ ਬਾਰੇ ਬੱਚੇ ਨਾਲ ਚਰਚਾ ਕਰੋ ਕਿ ਇੱਕ ਸੱਪ 'ਵੱਡਾ' ਅਤੇ ਇੱਕ 'ਛੋਟਾ' ਹੈ।
- ਪਲੇ ਡੋ ਨਾਲ ਇੱਕੋ ਜਿੰਨੀ ਲੰਬਾਈ ਦੇ ਦੋ "ਸੱਪ" ਬਣਾਓ। ਇਨ੍ਹਾਂ ਵਿਚੋਂ ਇੱਕ ਸੱਪ ਵਿਚ ਵਿੰਗ-ਵਲੇਵੇਂ ਪਾ ਦਿਓ। ਤਦ ਆਪਣੇ ਬੱਚੇ ਨੂੰ ਪੁੱਛੋ ਕਿ *ਕਿਹੜਾ ਸੱਪ ਲੰਬਾ ਹੈ ?*



- ਆਪਣੇ ਬੱਚੇ ਦੇ ਹੱਥ ਜਾਂ ਪੈਰ ਨੂੰ ਇੱਕ ਗੱਤੇ ਦੇ ਟੁਕੜੇ ਉਤੇ ਟ੍ਰੇਸ ਕਰੋ ਅਤੇ ਉਸ ਹੱਥ ਜਾਂ ਪੈਰ ਦੀ ਸ਼ਕਲ ਨੂੰ ਕੱਟ ਲਓ। ਇਸ ਦੀ ਵਰਤੋਂ ਕਿਸੇ ਮੇਜ਼ ਜਾਂ ਉਸ ਦੇ ਬਿਸਤਰੇ ਨੂੰ ਨਾਪਣ ਲਈ ਕਰੋ। ਖ਼ੁਦ ਉਸ ਨੂੰ ਨਾਪਣ ਤੋਂ ਪਹਿਲਾਂ ਆਪਣੇ ਬੱਚੇ ਨੂੰ ਇਹ ਅਨੁਮਾਨ ਲਾਉਣ ਲਈ ਉਤਸਾਹਿਤ ਕਰੋ ਕਿ ਉਸ ਦਾ ਬਿਸਤਰਾ ਕਿੰਨੇ ''ਹੱਥ'' ਲੰਮਾ ਹੋਵੇਗਾ।
- ਇੱਕ ਢਾਲਵੇਂ ਸਥਾਨ ਤੋਂ ਕਾਰ ਨੂੰ ਹੇਠਾਂ ਵੱਲ ਰੇੜ੍ਹੋ ਅਤੇ ਨਾਪੋ ਕਿ ਕਾਰ ਕਿੰਨੀ ਦੂਰੀ ਉਤੇ ਗਈ ਹੈ।
- ਆਪਣੇ ਆਲੇ-ਦੁਆਲੇ ਦੀਆਂ ਵਸਤਾਂ ਦੁਆਲੇ ਚੱਲੋ ਅਤੇ ਇਸ ਬਾਰੇ ਗੱਲਬਾਤ ਕਰੋ ਕਿ ਕੁੱਲ ਕਿੰਨੇ ਕਦਮ ਚੱਲੇ।
- ਉਚਾਈ ਦੇ ਚਾਰਟ ਉਤੇ ਆਪਣੇ ਬੱਚੇ ਦਾ ਵਾਧਾ ਨੋਟ ਕਰੋ।
- ਆਪਣੇ ਪਰਿਵਾਰ ਦੇ ਸਾਰੇ ਮੈਂਬਰਾਂ ਦੀ ਉਚਾਈ ਨੋਟ ਕਰੋ ਅਤੇ ਇਸ ਬਾਰੇ ਚਰਚਾ ਕਰੋ ਕਿ ਕੌਣ ''ਲੰਮਾ'' ਹੈ ਅਤੇ ਕੌਣ ''ਛੋਟਾ'' ਹੈ।
- ਪੌਦੇ ਲਾਉਣ ਲੱਗਿਆਂ ਦੋ ਪੌਦਿਆਂ ਵਿਚਲੀ ਦੂਰੀ ਨੂੰ ਇੱਕ ਸੋਟੀ ਨਾਲ ਨਾਪੋ।
- ਇੱਕ ਵਿਹੜੇ ਜਾਂ ਇੱਕ ਮੇਜ਼ ਦੇ ਤਲ ਨੂੰ ਅਖ਼ਬਾਰੀ ਪੰਨਿਆਂ ਦੀ ਮਦਦ ਨਾਲ ਨਾਪੋ। ਗਿਣਤੀ ਕਰੋ ਕਿ ਪੂਰੇ ਖੇਤਰ ਨੂੰ ਢਕਣ ਲਈ ਕੁੱਲ ਕਿੰਨੇ ਪੰਨਿਆਂ ਦੀ ਲੋੜ ਪਈ।

# ਮਾਪੇ ਵੀ ਗਿਣਦੇ ਹਨ



- ਇੱਕ ਕਾਗਜ਼ ਉਤੇ ਝਰੀਟਾਂ ਵਾਹੋ ਜਾਂ ਗੂੰਦ ਨਾਲ ਕਾਗਜ਼ ਉਤੇ ਜੋੜੀ ਤਣੀ ਨਾਲ ਬਣਾਈਆਂ ਝਰੀਟਾਂ ਵਿਚਲੀਆਂ "ਬੰਦ" ਥਾਵਾਂ ਵਿੱਚ ਰੰਗ ਭਰੋ।
- ਫ਼ਰਸ਼ ਉਤੇ ਅਖ਼ਬਾਰ ਦਾ ਇੱਕ ਪੰਨਾ ਵਿਛਾਓ। ਗਿਣੋ ਕਿ ਇਸ ਉਤੇ ਕਿੰਨੀਆਂ ਕਿਤਾਬਾਂ ਰੱਖੀਆਂ ਜਾਣਗੀਆਂ।
- ਕੋਈ ਤੋਹਫ਼ਾ ਲਪੇਟਣ ਲੱਗਿਆਂ, ਉਸ ਕਾਗਜ਼ ਬਾਰੇ ਗੱਲ ਕਰੋ ਕਿ ਕੀ ਕਾਗਜ਼ ਦੀ ਲੰਬਾਈ-ਚੌੜਾਈ ਤੋਹਫ਼ੇ ਨੂੰ ਲਪੇਟਣ ਲਈ ਕਾਫ਼ੀ ਹੈ।
- ਇੱਕ ਮੇਜ਼ ਜਾਂ ਕਾਰ ਨੂੰ ਢਕਣ ਵਾਲੇ ਕੱਪੜੇ ਦੇ ਆਕਾਰ ਬਾਰੇ ਗੱਲ ਕਰੋ।
- ਪੇਂਟ ਦੇ ਡਬਿਆਂ ਉਤੇ ਲਿਖੇ ਕਵਰੇਜ ਖੇਤਰ ਨੂੰ ਪੜ੍ਹ ਕੇ ਗੱਲ ਕਰੋ ਕਿ ਤੁਹਾਨੂੰ ਕਿੰਨੇ ਡੱਬਿਆਂ ਦੀ ਲੋੜ ਪਵੇਗੀ।
- ਰੰਗਦਾਰ ਫਾਲਤੂ ਕਾਗਜ਼ ਅਤੇ ਕੁੱਝ ਖਾਲੀ ਕੈਨ ਜਾਂ ਛੋਟੇ ਕਾਰਟਨ ਜਿਵੇਂ ਕਿ ਸੀਰਿਲ ਦੇ ਡੱਬੇ ਆਦਿ ਇਕੱਠੇ ਕਰੋ। ਕਾਗਜ਼ ਨੂੰ ਗੂੰਦ ਨਾਲ ਕਾਰਟਨ ਜਾਂ ਕੈਨ ਉਤੇ ਚਿਪਕਾ ਕੇ ਤੁਹਾਡਾ ਬੱਚਾ ਇੱਕ ਰੰਗਦਾਰ ਮਾੱਡਲ ਤਿਆਰ ਕਰ ਸਕਦਾ ਹੈ।


Curriculum K–12 Directorate, © NSW Department of Education